## ਸੰਪਾਦਕ ਦੀ ਕਲਮ 'ਚੋਂ ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

### 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਟੋਰਾਂਟੋ ਐਡੀਸ਼ਨ ਦੀ ਸ਼ੁਰੂਆਤ

ਪਿਆਰੇ ਪਾਠਕੋ ਸਾਡੀ ਹਮੇਸ਼ਾ ਹੀ ਇਹ ਸਿਰਤੋੜ ਕੋਸ਼ਿਸ਼ ਰਹੀ ਹੈ ਕਿ ਤੁਹਾਡੇ ਸਹਿਯੋਗ ਨਾਲ 'ਮਹਿਕ ਵਤਨ ਦੀ ਲਾਈਵ' ਨੂੰ ਖ਼ੂਬਸੂਰਤ ਤੇ ਰੋਚਿਕ ਬਣਾਇਆ ਜਾਵੇ। ਸੂਝਵਾਨ ਵਿਦਵਾਨਾਂ ਦੀਆਂ ਰਚਨਾਵਾਂ ਆਪ ਜੀ ਦੀ ਜਗਿਆਸਾ ਨੂੰ ਸੰਤੁਸ਼ਟ ਕਰਨ। ਬੱਚਿਆਂ ਲਈ ਇਸ ਮੈਗਜ਼ੀਨ ਵਿਚ ਵਿਸ਼ੇਸ਼ ਥਾਂ ਹੋਵੇ। ਖੇਡਾਂ ਤੇ ਨਵੀਨਤਮ ਖੋਜਾਂ ਬਾਰੇ ਜਾਣਕਾਰੀ ਇਸ ਦਾ ਸ਼ਿੰਗਾਰ ਹੋਵੇ। ਵਤਨ ਦੇ ਜਿਨ੍ਹਾਂ ਸਦਾ ਬਹਾਰ ਫੁੱਲਾਂ ਨੇ ਦੇਸ਼-ਵਿਦੇਸ਼ਾਂ ਵਿਚ ਆਪਣੇ ਵਤਨ ਦੀ ਮਹਿਕ ਖਿਲਾਰੀ ਹੈ ਰਾਜਨੀਤੀ ਵਿਚ ਵਜੀਰ ਬਣਕੇ, ਵਿਗਿਆਨ ਦੇ ਖੇਤਰ ਵਿਚ ਪੁਲਾੜ ਵਿਚ ਜਾ ਕੇ, ਵੱਡੇ-ਵੱਡੇ ਉਦਯੋਗ ਲਾ ਕੇ, ਕਲਾਕਾਰੀ ਦੇ ਖੇਤਰ ਵਿਚ ਆਪਣੇ ਫ਼ਨ ਦਾ ਮੁਜਾਹਰਾ ਕਰਕੇ, ਆਪਣੇ ਸੱਭਿਆਚਾਰ ਦੀ ਪ੍ਰਫੁੱਲਤਾ ਵਿਚ ਯੋਗਦਾਨ ਪਾ ਕੇ ਆਪਣੇ ਵਤਨ ਦੀ ਮਹਿਕ ਨੂੰ ਮੱਧਮ ਨਹੀਂ ਹੋਣ ਦਿੱਤਾ। ਉਨ੍ਹਾਂ ਸਾਰੇ ਹੀ ਇਨਸਾਨਾਂ ਨੂੰ ਇਸ ਮੈਗਜ਼ੀਨ ਵਿਚ ਢੁੱਕਵੀਂ ਥਾਂ ਦੇਈਏ। ਜਿਥੇ ਅਸੀਂ ਇਸ ਵਤਨ ਦੀ ਮਹਿਕ ਖਿਲਾਰਨ ਵਾਲੀਆਂ ਮਹਾਨ ਸ਼ਖ਼ਸੀਅਤਾਂ ਬਾਰੇ ਪਾਠਕਾਂ ਨੂੰ ਜਾਣਕਾਰੀ ਦੇਣੀ ਹੈ ਉਥੇ ਸਾਡੀ ਇਹ ਜ਼ਿੰਮੇਵਾਰੀ ਵੀ ਬਣਦੀ ਹੈ ਕਿ ਸਾਡੇ ਸਮਾਜ ਦੇ ਦੁਖਾਂਤ ਨਸ਼ੇ, ਭਰੂਨ ਹੱਤਿਆ, ਜਾਤ-ਪਾਤ, ਨੰਗੇਜ਼ਪਣ, ਦਹੇਜ ਆਦਿ ਕੁਰੀਤੀਆਂ ਬਾਰੇ ਵੀ ਪਾਠਕਾਂ ਦਾ ਧਿਆਨ ਦਿਵਾਈਏ ਤੇ ਇਨ੍ਹਾਂ ਲਾਹਨਤਾਂ ਨੂੰ ਦੂਰ ਕਰਨ ਦਾ ਯਤਨ ਕਰੀਏ।

ਜਿਸ ਤਰ੍ਹਾਂ ਸਾਰੇ ਹੀ ਆਖਦੇ ਕਿ ਪੰਜਾਬੀ ਦਾ ਪਰਚਾ ਛਾਪਣਾ 'ਤਲਵਾਰ ਦੀ ਧਾਰ ਤੇ ਚੱਲਣ ਦੇ ਬਰਾਬਰ ਹੈ ਉਹ ਵੀ ਜੇਕਰ ਬਿਨਾਂ ਕਿਸੇ ਟਰੱਸਟ/ਸੰਸਥਾ ਜਾਂ ਅਦਾਰੇ ਦੇ ਛਾਪਣਾ ਹੋਵੇ ਤਾਂ ਬਰਫ ਦੀ ਉੱਚੀ ਚੋਟੀ ਪਾਰ ਕਰਨ ਵਾਲੀ ਗੱਲ ਹੈ। ਸਾਨੂੰ ਸਾਡੇ ਕਈ ਸੁਹਿਰਦ ਦੋਸਤਾਂ ਮਿੱਤਰਾਂ ਨੇ ਮੈਗਜ਼ੀਨ ਦਾ ਪੰਗਾ ਨਾ ਲੈਣ ਦੀ ਰਾਇ ਦਿੱਤੀ ਸੀ ਜਿਨਾਂ ਵਿਚ ਕਈ ਪ੍ਰਸਿੱਧ ਲੇਖਕ ਵੀ ਸ਼ਾਮਲ ਸਨ। ਉਨ੍ਹਾਂ ਨੇ ਆਖਿਆ ਸੀ ਕਿ ਪੰਜਾਬੀ ਪਰਚੇ ਦੋ-ਤਿੰਨ ਅੰਕ ਛਪਣ ਤੋਂ ਬਾਅਦ ਹੀ ਬੰਦ ਹੋ ਜਾਂਦੇ ਹਨ। ਪਰ.... ਸਾਡੇ ਤੇ ਜੋ ਜਨੂੰਨ ਸੀ ਮੈਗਜ਼ੀਨ ਚਲਾਉਣ ਦਾ... ਉਹ ਵੀ ਅਜਿਹੇ ਮਾਹੌਲ ਵਿਚ ਜਦ ਸਾਰੇ ਹੀ ਲੱਤਾਂ ਖਿੱਚਣ ਵਾਲੇ ਸਨ।...

ਸਾਡੇ ਇਸ ਜਨੂੰਨ ਨੂੰ ਦੇਖਣ ਵਾਲੀਆਂ ਤਾਂ ਬਾਪੂ ਕਰਨੈਲ ਸਿੰਘ ਪਾਰਸ ਰਾਮੂਵਾਲੀਆ ਅਤੇ ਢਾਡੀ ਕਲਾ ਦੇ ਥੰਮ ਮਾ. ਗੁਰਬਖਸ਼ ਸਿੰਘ ਅਲਬੇਲਾ ਜੀ ਵਰਗਿਆਂ ਦੀਆਂ ਵਿਰਲੀਆਂ ਅੱਖਾਂ ਹੀ ਸਨ। ਸਾਡਾ ਇਹ ਜਨੂੰਨ ਸਾਡਾ ਇਹ ਸਿਰੜ ਸਾਨੂੰ ਇਥੋਂ ਤੱਕ ਲੈ ਆਇਆ ਕਿ ਅਸੀਂ 'ਮਹਿਕ ਵਤਨ ਦੀ ਲਾਈਵ' ਪੇਪਰ ਦੇ 'ਕੈਨੇਡਾ' ਤੋਂ ਐਡੀਸ਼ਨ ਪ੍ਰਕਾਸ਼ਤ ਕਰਨ ਤੱਕ ਪਹੁੰਚ ਗਏ। ਇਹ ਸਭ ਅਕਾਲ ਪੁਰਖ ਪ੍ਰਮਾਤਮਾ ਦੀ ਮਿਹਰ ਤੇ ਪਾਠਕਾਂ/ਲੇਖਕਾਂ ਤੇ ਪੱਤਰਕਾਰਾਂ ਦਾ ਸਾਡੇ ਪ੍ਰਤੀ ਪ੍ਰਗਟਾਇਆ ਭਰੋਸਾ ਹੀ ਹੈ ਜੋ ਅਸੀਂ ਇਨ੍ਹਾਂ ਲੰਮਾ ਸਫ਼ਰ ਤਹਿ ਕਹਿ ਲਿਆ ਹੈ। ਪ੍ਰਮਾਤਮਾ ਦੀ ਬਖਸ਼ੀ ਦ੍ਰਿੜ੍ਹਤਾ, ਦਲੇਰੀ ਤੇ ਹਿੰਮਤ ਨੇ ਸਾਨੂੰ ਹਰ ਮੁਸ਼ਕਲ ਨਾਲ ਜੂਝਣ ਦੀ ਸਮਰੱਥਾ ਦਿੱਤੀ। ਬਾਪੂ ਕਰਨੈਲ ਸਿੰਘ ਪਾਰਸ ਰਾਮੂਵਾਲੀਆ ਜੀ ਦਾ ਦਿੱਤਾ ਹੌਂਸਲਾ ਅਤੇ ਢਾਡੀ ਗੁਰਬਖਸ਼ ਸਿੰਘ ਅਲਬੇਲਾ ਜੀ ਦੇ ਦਿੱਤੇ ਸਹਿਯੋਗ ਕਾਰਨ ਹੀ ਅਸੀਂ ਇਥੋਂ ਤਕ ਪਹੁੰਚੇ ਹਾਂ।

ਪਾਠਕਾਂ ਦੀ ਮੰਗ ਅਨੁਸਾਰ ਸੱਤ ਸਮੁੰਦਰੋਂ ਪਾਰ ਵਾਪਰਦੀਆਂ ਘਟਨਾਵਾਂ ਨੂੰ ਪਿਛਲੇ ਕੁਝ ਅੰਕਾਂ ਵਿਚ ਵਿਸ਼ੇਸ਼ ਥਾਂ ਦੇ ਰਹੇ ਹਾਂ। ਸਾਡੀ ਇਹ ਵੀ ਕੋਸ਼ਿਸ਼ ਹੈ ਕਿ 'ਮਹਿਕ ਵਤਨ ਦੀ ਲਾਈਵ' ਉਨ੍ਹਾਂ ਪੰਜਾਬੀਆਂ ਲਈ ਜੋ ਵਿਦੇਸ਼ਾਂ ਵਿਚ ਵਸਦੇ ਹਨ ਜਾਂ ਜਿਨ੍ਹਾਂ ਦੇ ਮਿੱਤਰ ਪਿਆਰੇ ਵਿਦੇਸ਼ਾਂ ਵਿਚ ਵਸਦੇ ਹਨ ਅਤੇ ਦੇਸ਼ ਵਾਸੀਆਂ ਦੇ ਵਿਚਕਾਰ ਲਿੰਕ ਦਾ ਕੰਮ ਕਰੇ। ਜਿੱਥੇ ਅਸੀਂ ਪੰਜਾਬ ਦੇ ਪਾਠਕਾਂ ਦੇ ਧੰਨਵਾਦੀ ਹਾਂ ਉਥੇ ਅਸੀਂ ਵਿਦੇਸ਼ਾਂ ਵਿਚ ਵਸਦੇ ਉਨ੍ਹਾਂ ਪੰਜਾਬੀਆਂ ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦੇ ਜਿਨਾਂ ਨੇ ਬਹੁਤ ਵੱਡੀ ਗਿਣਤੀ ਵਿਚ 'ਮਹਿਕ ਵਤਨ ਦੀ ਲਾਈਵ' ਨੂੰ ਵਿਦੇਸ਼ਾਂ ਵਿਚ ਪਸੰਦ ਕੀਤਾ। ਵਿਦੇਸ਼ਾਂ ਵਿਚ ਬੈਠੇ ਉਨ੍ਹਾਂ ਭੈਣਾਂ-ਭਰਾਵਾਂ ਦੇ ਧੰਨਵਾਦੀ ਹਾਂ ਜਿਹੜੇ ਸਾਨੂੰ ਮਾਇਕ ਸਹਿਯੋਗ ਦਿੰਦੇ ਹਨ ਅਤੇ ਸੱਤ ਸਮੁੰਦਰੋਂ ਪਾਰ ਵਾਪਰਦੀਆਂ ਘਟਨਾਵਾਂ ਦੀ ਜਾਣਕਾਰੀ ਸਾਡੇ ਤੱਕ ਪਹੁੰਚਾਉਂਦੇ ਰਹੇ ਹਨ। ਵਿਦੇਸ਼ਾਂ ਵਿਚ ਵਸਦੇ ਉਨ੍ਹਾਂ ਪਿਆਰੇ ਪਾਠਕਾਂ, ਪੱਤਰਕਾਰਾਂ, ਲੇਖਕਾਂ, ਭੈਣ-ਭਰਾਵਾਂ ਦੀ ਪੁਰਜ਼ੋਰ ਮੰਗ ਤੇ ਹੀ ਅਸੀਂ ਇਹ ਵੈਬਸਾਈਟ ਲਾਂਚ ਕੀਤੀ ਹੈ। ਭਾਰਤ ਖਾਸ ਕਰਕੇ ਪੰਜਾਬ ਵਿਚ ਤਾਂ ਚਾਹੇ ਆਨ-ਲਾਈਨ ਪੇਪਰ ਦਾ ਵਿਸਥਾਰ ਅਜੇ ਨਹੀਂ ਹੋਇਆ ਪਰ ਵਿਦੇਸ਼ਾਂ ਵਿਚ ਬੈਠੇ ਪਾਠਕਾਂ ਦੀ ਇਹ ਬਹੁਤ ਵੱਡੀ ਮੰਗ ਹੈ।

ਉਮੀਦ ਹੈ ਕਿ 'ਮਹਿਕ ਵਤਨ ਦੀ ਲਾਈਵ' ਦੇ ਜ਼ਰੀਏ ਟੋਰਾਂਟੋ ਐਡੀਸ਼ਨ ਪ੍ਰਵਾਸੀ ਪੰਜਾਬੀਆਂ ਤੇ ਦੇਸ਼ਵਾਸੀ ਪੰਜਾਬੀਆਂ ਵਿਚਕਾਰ ਕਲਾ, ਸਾਹਿਤ ਤੇ ਸੱਭਿਆਚਾਰ ਦੇ ਵਿਚਾਰਾਂ ਦਾ ਅਦਾਨ-ਪ੍ਰਦਾਨ ਕਰਦਾ ਰਹੇਗਾ।

Purba

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

Monthly 'Mehak Watan Di Live' Moga ● ਲਾਈਵ

Title Regd. No. PunPun-04016 | Year 2 | Edition 5 | Issue Date 1-8-2016

Chief Editor : Bhawandeep Singh Purba
Vice-Chief Editor : Bhagwanti Purba
Editor in Canada : Bhajan Singh Bahmba
Online Editor : Kamaljeet Singh Purba
Legal Advisior : Advocate Nasib Bawa
Chief Advisor : Jasvir Singh Lohara
Religion Editor : Sadhu Singh Dhamu




ਅੰਤਰ-ਰਾਸ਼ਟਰੀ ਮਾਸ਼ਿਕ ਮੈਗਜੀਨ 'ਮਹਿਕ ਵਤਨ ਦੀ' ਵਾਸਤੇ ਹਰ ਏਰੀਏ ਤੋਂ

## ਪੱਤਰਕਾਰਾਂ ਦੀ ਜਰੂਰਤ




ਨੋਟ: 'ਮਹਿਕ ਵਤਨ ਦੀ' ਟਰੱਸਟ ਦੇ ਮੈਂਬਰ ਬਣ ਕੇ ਜਿਲ੍ਹਾ ਇੰਚਾਰਜ ਵੀ ਬਣ ਸਕਦੇ ਹੋ।

ਪੱਤਰਕਾਰ ਬਣਨ ਦੇ ਚਾਹਵਾਨ ਲੜਕੇ-ਲੜਕੀਆਂ ਜਲਦੀ ਸੰਪਰਕ ਕਰਨ।

ਪੂਰੀ ਡਿਟੇਲ ਮੰਗਵਾਉਣ ਲਈ 'ਮਹਿਕ ਵਤਨ ਦੀ' ਦੇ ਨਾਮ ਤੇ 100/- ਰੁਪਏ ਦਾ ਮਨੀਆਰਡਰ/ ਚੈਕ/ ਡ੍ਰਾਫਟ ਭੇਜੋ। ਜੋ ਮੋਗਾ (ਪੰਜਾਬ) ਵਿੱਚ ਭੁਗਤਾਨ ਯੋਗ ਹੋਵੇ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : ਮੁੱਖ ਸੰਪਾਦਕ 'ਮਹਿਕ ਵਤਨ ਦੀ' 1195, ਅਜੀਤ ਨਗਰ ਮੋਗਾ (ਪੰਜਾਬ)

**Help Line: 0 9988 92 9988**
**E-Mail: mehakwattandi@rediffmail.com**

**ਬਰੈਂਪਟਨ ਓਂਟਾਰੀਓ (ਕੈਨੇਡਾ) ਵਿਚ 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ, ਮੈਟਰ, ਇਸ਼ਤਿਹਾਰ ਅਤੇ ਹੋਰ ਸਮੱਗਰੀ ਦੇਣ ਲਈ ਸਾਡੇ ਵਿਸ਼ੇਸ਼ ਪ੍ਰਤੀਨਿਧ ਹਰਭਜਨ ਸਿੰਘ ਬਾਹਬਾ ਨਾਲ ਸੰਪਰਕ ਕਰੋ।**

**Bhajan Singh Babha**
50 Silent Pond Cres.,
Brampton On L6v4R6.
Cell No : 001-647-960-0200



'ਮਹਿਕ ਵਤਨ ਦੀ ਲਾਈਵ' ਸਬੰਧੀ ਹਰ ਪ੍ਰਕਾਰ ਦਾ ਚੰਦਾ ਸਿਰਫ਼ ਚੈਕ, ਡ੍ਰਾਫਟ ਜਾਂ ਮਨੀਆਰਡਰ ਰਾਹੀਂ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜੋ ਜੋ ਮੋਗਾ (ਪੰਜਾਬ) ਵਿਚ ਭੁਗਤਾਨ ਯੋਗ ਹੋਵੇ। ਜਾਂ ਤੁਸੀਂ ਆਪਣਾ ਚੰਦਾ ਸਾਡੇ ਅਕਾਊਂਟ ਨੰਬਰ CA-64/000066/Mehak Wattan Di (IFSC Code Corp0000664) ਕਾਰਪੋਰੇਸ਼ਨ ਬੈਂਕ ਵਿਚ ਜਮ੍ਹਾ ਕਰਵਾ ਸਕਦੇ ਹੋ। - ਸੰਪਾਦਕ

ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗਰੇਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫਾਫਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

**ਵਿਸ਼ੇਸ ਨੋਟ**
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ
Help Line: (+91) 9988-92-9988 ਤੇ
ਸਿਰਫ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ
ਹੀ ਸੰਪਰਕ ਕੀਤਾ ਜਾਵੇ।